Rise
WOMEN'S LEGAL CENTRE

# ਸੈਕਸ਼ਨ 211 ਰਿਪੋਰਟਾਂ ਨੂੰ ਸਮਝਣਾ

## ਔਰਤਾਂ ਲਈ ਇਕ ਗਾਈਡ

ਇਹ ਲਿਖਤ ਉਨ੍ਹਾਂ ਔਰਤਾਂ ਲਈ ਹੈ ਜਿਨ੍ਹਾਂ ਨੂੰ "ਸੈਕਸ਼ਨ 211 ਰਿਪੋਰਟ" ਲੈਣ ਲਈ ਕਿਹਾ ਗਿਆ ਹੈ (ਜਿਸ ਨੂੰ ਕਦੇ ਕਦੇ "ਕਸਟਡੀ ਐਂਡ ਐਕਸੈੱਸ ਰਿਪੋਰਟ" ਵੀ ਆਖਿਆ ਜਾਂਦਾ ਹੈ)। ਤੁਸੀਂ ਆਪ ਜੱਜ ਨੂੰ ਸੈਕਸ਼ਨ 211 ਰਿਪੋਰਟ ਦਾ ਆਰਡਰ ਕਰਨ ਲਈ ਕਹਿਣ ਬਾਰੇ ਸੋਚ ਰਹੇ ਹੋ ਸਕਦੇ ਹੋ, ਤੁਹਾਡਾ ਸਾਬਕਾ-ਸਪਾਊਸ (ਸਾਬਕਾ ਪਤੀ/ਪਾਰਟਨਰ) ਇਸ ਦੀ ਮੰਗ ਕਰ ਰਿਹਾ ਹੋ ਸਕਦਾ ਹੈ, ਜਾਂ ਜੇ ਤੁਹਾਡੇ ਦੋਨੋਂ ਵਿੱਚੋਂ ਕਿਸੇ ਨੇ ਬੇਨਤੀ ਨਾ ਕੀਤੀ ਹੋਵੇ ਤਾਂ ਜੱਜ ਨੇ ਇਸ ਦਾ ਆਰਡਰ ਕੀਤਾ ਹੋ ਸਕਦਾ ਹੈ। ਇਹ ਲਿਖਤ ਕੁਝ ਮੁਢਲੀ ਜਾਣਕਾਰੀ ਦਿੰਦੀ ਹੈ, ਪਰ ਇਹ ਕੋਈ ਕਾਨੂੰਨੀ ਸਲਾਹ ਨਹੀਂ ਹੈ। ਜੇ ਸੰਭਵ ਹੋਵੇ ਤਾਂ ਕਿਸੇ ਵਕੀਲ ਦੀ ਮਦਦ ਲਓ।

## ਸੈਕਸ਼ਨ 211 ਰਿਪੋਰਟ ਕੀ ਹੈ?

ਸੈਕਸ਼ਨ 211 ਰਿਪੋਰਟਾਂ ਦਾ ਆਰਡਰ ਫੈਮਿਲੀ ਲਾਅ ਦੇ ਉਨ੍ਹਾਂ ਔਖੇ ਕੇਸਾਂ ਵਿਚ ਕੀਤਾ ਜਾਂਦਾ ਹੈ ਜਿੱਥੇ ਮਾਪੇ ਪਾਲਣ-ਪੋਸਣ ਦੇ ਮਾਮਲਿਆਂ ਬਾਰੇ ਸਹਿਮਤ ਨਾ ਹੋ ਸਕਣ। ਇਹ ਰਿਪੋਰਟਾਂ ਕਿਸੇ ਨਿਰਪੱਖ ਪੇਸ਼ਾਵਰ ਵਿਅਕਤੀ ਵਲੋਂ ਲਿਖੀਆਂ ਜਾਂਦੀਆਂ ਹਨ ਅਤੇ ਇਹ ਜੱਜਾਂ ਨੂੰ ਬੱਚਿਆਂ ਅਤੇ ਦੋਨਾਂ ਧਿਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀਆਂ ਹਨ।

*ਫੈਮਿਲੀ ਲਾਅ ਐਕਟ ਦਾ* ਸੈਕਸ਼ਨ 211 (1) ਕਹਿੰਦਾ ਹੈ:

> *211 (1) ਕੋਰਟ ਇਨ੍ਹਾਂ ਇਕ ਜਾਂ ਜ਼ਿਆਦਾ ਚੀਜ਼ਾਂ ਦਾ ਪਤਾ ਲਾਉਣ ਲਈ ਕਿਸੇ ਵਿਅਕਤੀ ਨੂੰ ਨਿਯੁਕਤ ਕਰ ਸਕਦੀ ਹੈ:*
>
> *(ਏ) ਫੈਮਿਲੀ ਲਾਅ ਨਾਲ ਸੰਬੰਧਿਤ ਝਗੜੇ ਦੇ ਸੰਬੰਧ ਵਿਚ ਬੱਚੇ ਦੀਆਂ ਲੋੜਾਂ;*
>
> *(ਬੀ) ਫੈਮਿਲੀ ਲਾਅ ਨਾਲ ਸੰਬੰਧਿਤ ਝਗੜੇ ਦੇ ਸੰਬੰਧ ਵਿਚ ਬੱਚੇ ਦੇ ਵਿਚਾਰ;*
>
> *(ਸੀ) ਫੈਮਿਲੀ ਲਾਅ ਨਾਲ ਸੰਬੰਧਿਤ ਝਗੜੇ ਵਿਚ ਸ਼ਾਮਲ ਧਿਰ ਦੀ ਬੱਚੇ ਦੀਆਂ ਲੋੜਾਂ ਪੂਰੀਆਂ ਕਰਨ ਦੀ ਯੋਗਤਾ ਅਤੇ ਇੱਛਾ।*

**ਇਸ ਲਿਖਤ ਵਿਚ ਕੋਈ ਕਾਨੂੰਨੀ ਸਲਾਹ ਨਹੀਂ ਹੈ। ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਪਿਆਰੇ ਨੂੰ ਕਾਨੂੰਨੀ ਸਲਾਹ ਦੀ ਲੋੜ ਹੈ ਤਾਂ ਕਿਰਪਾ ਕਰਕੇ ਕਿਸੇ ਵਕੀਲ ਨਾਲ ਗੱਲ ਕਰੋ।**



ਆਮ ਤੌਰ ’ਤੇ, ਸੈਕਸ਼ਨ 211 ਰਿਪੋਰਟਾਂ ਦੇ ਦੋ ਸ਼੍ਰੇਣੀਆਂ ਵਿਚ ਆਉਣ ਦੀ ਸੰਭਾਵਨਾ ਹੁੰਦੀ ਹੈ:

- **“ਬੱਚੇ ਦੇ ਵਿਚਾਰਾਂ ਦੀਆਂ ਰਿਪੋਰਟਾਂ”** ਇਸ ਚੀਜ਼ ਬਾਰੇ ਜਾਣਕਾਰੀ ਦਿੰਦੀਆਂ ਹਨ ਕਿ ਬੱਚਾ ਇਨ੍ਹਾਂ ਗੱਲਾਂ ਬਾਰੇ ਕੀ ਕਹਿੰਦਾ ਹੈ ਕਿ ਉਹ ਕਿਹੜੇ ਮਾਪੇ ਨਾਲ ਰਹਿਣਾ ਚਾਹੁੰਦਾ ਹੈ ਜਾਂ ਸਮਾਂ ਬਿਤਾਉਣਾ ਚਾਹੁੰਦਾ ਹੈ। ਇਹ ਆਮ ਤੌਰ ’ਤੇ ਕਾਫੀ ਛੋਟੀਆਂ ਹੁੰਦੀਆਂ ਹਨ।

- **“ਪੂਰੀਆਂ ਸੈਕਸ਼ਨ 211 ਰਿਪੋਰਟਾਂ”** ਆਮ ਤੌਰ ’ਤੇ ਕਿਤੇ ਲੰਬੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਵਿਚ ਬੱਚੇ ਦੀਆਂ ਲੋੜਾਂ ਦੇ ਨਾਲ ਨਾਲ ਬੱਚੇ ਦੇ ਵਿਚਾਰਾਂ ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈ। ਉਨ੍ਹਾਂ ਵਿਚ ਮਾਪਿਆਂ ਬਾਰੇ ਵੀ ਜਾਣਕਾਰੀ ਹੋਵੇਗੀ ਅਤੇ ਤੁਹਾਡੇ ਘਰ ਅਤੇ ਪਾਲਣ-ਪੋਸਣ ਦੇ ਤਰੀਕਿਆਂ ਬਾਰੇ ਵੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ।

## ਸੈਕਸ਼ਨ 211 ਰਿਪੋਰਟ ਕੌਣ ਤਿਆਰ ਕਰ ਸਕਦਾ ਹੈ?

ਕਈ ਵੱਖੋ ਵੱਖਰੇ ਲੋਕ ਸੈਕਸ਼ਨ 211 ਰਿਪੋਰਟਾਂ ਲਿਖ ਸਕਦੇ ਹਨ। ਅਸੀਂ ਇਨ੍ਹਾਂ “ਰਿਪੋਰਟ ਲਿਖਣ ਵਾਲਿਆਂ” ਨੂੰ ਦੋ ਮੁੱਖ ਗਰੁੱਪਾਂ ਵਿਚ ਵੰਡ ਸਕਦੇ ਹਾਂ:

- **ਫੈਮਿਲੀ ਜਸਟਿਸ ਕੌਂਸਲਰ** ਸੂਬੇ ਦੇ ਮੁਲਾਜ਼ਮ ਹਨ ਜੋ ਕਿ ਬੀ ਸੀ ਭਰ ਦੇ ਫੈਮਿਲੀ ਜਸਟਿਸ ਸੈਂਟਰਾਂ ਵਿਚ ਕੰਮ ਕਰਦੇ ਹਨ। ਉਹ ਬੱਚੇ ਦੇ ਵਿਚਾਰਾਂ ਦੀਆਂ ਰਿਪੋਰਟਾਂ ਅਤੇ ਪੂਰੀਆਂ ਸੈਕਸ਼ਨ 211 ਰਿਪੋਰਟਾਂ ਦੋਨੋਂ ਤਿਆਰ ਕਰ ਸਕਦੇ ਹਨ, ਅਤੇ ਉਹ ਹੋਰ ਵੱਖ ਵੱਖ ਸੇਵਾਵਾਂ ਵੀ ਪ੍ਰਦਾਨ ਕਰਦੇ ਹਨ ਜਿਨ੍ਹਾਂ ਵਿਚ ਥੋੜ੍ਹੇ ਸਮੇਂ ਦੀ ਕੌਂਸਲਿੰਗ, ਕਾਨੂੰਨ ਬਾਰੇ ਸਿੱਖਿਆ, ਅਤੇ ਮੀਡੀਏਸ਼ਨ (ਸਾਲਸੀ) ਸ਼ਾਮਲ ਹਨ। ਉਨ੍ਹਾਂ ਦੀਆਂ ਸੇਵਾਵਾਂ ਲਈ ਕੋਈ ਖਰਚਾ ਨਹੀਂ ਦੇਣਾ ਪੈਂਦਾ, ਭਾਵੇਂ ਕਿ ਉਡੀਕ ਕਰਨ ਦਾ ਸਮਾਂ ਹੋ ਸਕਦਾ ਹੈ। ਫੈਮਿਲੀ ਜਸਟਿਸ ਕੌਂਸਲਰਾਂ ਨੂੰ ਪਰਿਵਾਰਕ ਹਿੰਸਾ ਦੀ ਟਰੇਨਿੰਗ ਪੂਰੀ ਕਰਨੀ ਪੈਂਦੀ ਹੈ ਅਤੇ ਉਹ ਆਪਣੀਆਂ ਰਿਪੋਰਟਾਂ ਵਿਚ ਮਨੋਵਿਗਿਆਨਕ ਟੈੱਸਟਾਂ ਦੀ ਵਰਤੋਂ ਨਹੀਂ ਕਰਦੇ।

- **ਪ੍ਰਾਈਵੇਟ ਅਸੈੱਸਰ** ਹੋਰ ਮਾਹਰ ਹਨ (ਜਿਨ੍ਹਾਂ ਵਿਚ ਸੋਸ਼ਲ ਵਰਕਰ, ਸਾਇਕੌਲੋਜਿਸਟ, ਅਤੇ ਕਲਿਨੀਕਲ ਕੌਂਸਲਰ ਸ਼ਾਮਲ ਹਨ) ਜੋ ਵੀ ਸੈਕਸ਼ਨ 211 ਰਿਪੋਰਟਾਂ ਲਿਖ ਸਕਦੇ ਹਨ। ਪ੍ਰਾਈਵੇਟ ਅਸੈੱਸਰਾਂ ਵਲੋਂ ਤਿਆਰ ਕੀਤੀਆਂ ਜਾਣ ਵਾਲੀਆਂ ਰਿਪੋਰਟਾਂ, ਫੈਮਿਲੀ ਜਸਟਿਸ ਕੌਂਸਲਰਾਂ ਵਲੋਂ ਤਿਆਰ ਕੀਤੀਆਂ ਜਾਣ ਵਾਲੀਆਂ ਰਿਪੋਰਟਾਂ ਨਾਲੋਂ ਅਕਸਰ ਲੰਮੀਆਂ ਹੁੰਦੀਆਂ ਹਨ, ਅਤੇ ਇਨ੍ਹਾਂ ਵਿਚ ਮਨੋਵਿਗਿਆਨਕ ਟੈੱਸਟ ਸ਼ਾਮਲ ਹੋ ਸਕਦੇ ਹਨ। ਇਹ ਵਿਅਕਤੀ ਆਪਣੀਆਂ ਸੇਵਾਵਾਂ ਲਈ ਪੈਸੇ ਚਾਰਜ ਕਰਦੇ ਹਨ, ਅਤੇ ਇਨ੍ਹਾਂ ਲਈ ਉਡੀਕ ਕਰਨ ਦਾ ਸਮਾਂ ਵੀ ਹੋ ਸਕਦਾ ਹੈ। ਭਾਵੇਂ ਕਿ ਅਸੈੱਸਰ ਮੁਤਾਬਕ ਖਰਚਾ ਵੱਖੋ ਵੱਖਰਾ ਹੋਵੇਗਾ, ਪਰ ਤੁਸੀਂ ਪੂਰੀ ਸੈਕਸ਼ਨ 211 ਰਿਪੋਰਟ ਲਈ ਤਕਰੀਬਨ 15,000 ਡਾਲਰ ਦੇਣ ਦੀ ਉਮੀਦ ਰੱਖ ਸਕਦੇ ਹੋ। ਖਰਚਾ ਕਿਤੇ ਜ਼ਿਆਦਾ ਹੋ ਸਕਦਾ ਹੈ ਜੇ ਤੁਹਾਨੂੰ ਪਹਿਲੇ ਅਸੈੱਸਰ ਦੇ ਕੰਮ ਦਾ ਰਿਵੀਊ ਕਰਵਾਉਣ ਲਈ ਦੂਜਾ ਮਾਹਰ ਕਰਨਾ ਪੈਣਾ ਹੈ, ਜਾਂ ਜੇ ਤੁਹਾਨੂੰ ਅਸੈੱਸਰ ਨੂੰ ਗਵਾਹੀ ਦੇਣ ਲਈ ਕੋਰਟ ਵਿਚ ਸੱਦਣ ਦੀ ਲੋੜ ਹੋਵੇ। ਬਹੁਤੇ ਰਿਪੋਰਟ ਲੇਖਕ ਕੋਰਟ ਵਿਚ ਆਉਣ ਦਾ ਬਿੱਲ ਵੱਖਰਾ ਦੇਣਗੇ। ਪ੍ਰਾਈਵੇਟ ਅਸੈੱਸਰਾਂ ਦਾ ਖਰਚਾ ਤੁਹਾਡੇ ਵਲੋਂ, ਤੁਹਾਡੇ ਐਕਸ ਵਲੋਂ ਦਿੱਤਾ ਜਾਂਦਾ ਹੈ ਜਾਂ ਤੁਸੀਂ ਅਤੇ ਤੁਹਾਡਾ ਐਕਸ ਰਿਪੋਰਟ ਦਾ ਖਰਚਾ ਆਪਸ ਵਿਚ ਸਾਂਝਾ ਕਰ ਸਕਦੇ ਹੋ, ਜੋ ਕਿ ਇਸ ਚੀਜ਼ ’ਤੇ ਨਿਰਭਰ ਕਰਦਾ ਹੈ ਕਿ ਜੱਜ ਕਿਸ ਚੀਜ਼ ਦਾ ਆਰਡਰ ਕਰਦਾ ਹੈ।

## ਰਿਪੋਰਟ ਆਰਡਰ ਕਰਨਾ

ਸੈਕਸ਼ਨ 211 ਰਿਪੋਰਟਾਂ ਕਿਸੇ ਜੱਜ ਵਲੋਂ ਆਰਡਰ ਕੀਤੀਆਂ ਜਾਣੀਆਂ ਜ਼ਰੂਰੀ ਹਨ। ਜੱਜ ਨੂੰ ਸੈਕਸ਼ਨ 211 ਰਿਪੋਰਟ ਆਰਡਰ ਕਰਨ ਲਈ ਕਹਿਣਾ ਆਮ ਤੌਰ ’ਤੇ ਮੁਕਾਬਲਤਨ ਸੌਖਾ ਹੈ। ਪਰ, ਜਦੋਂ ਇਕ ਵਾਰ ਰਿਪੋਰਟ ਤਿਆਰ ਹੋ ਜਾਵੇ, ਇਸ ਚੀਜ਼ ਦੀ ਬਹੁਤ ਸੰਭਾਵਨਾ ਹੈ ਕਿ ਜੱਜ ਸਿਫਾਰਸ਼ਾਂ ’ਤੇ ਅਮਲ ਕਰੇਗਾ। ਜੇ ਰਿਪੋਰਟ ਤੁਹਾਡੇ ਲਈ ਚੰਗੀ ਨਾ ਹੋਵੇ ਤਾਂ ਇਸ ਨੂੰ ਮਾਤ ਪਾਉਣਾ ਬਹੁਤ ਔਖਾ ਹੋਵੇਗਾ।

ਇਸ ਲਈ, ਕਿਸੇ ਰਿਪੋਰਟ ਲਈ ਕਹਿਣ ਜਾਂ ਕਿਸੇ ਰਿਪੋਰਟ ਨਾਲ ਸਹਿਮਤ ਹੋਣ ਤੋਂ ਪਹਿਲਾਂ, ਤੁਹਾਨੂੰ ਇਹ ਵਿਚਾਰ ਕਰਨੀ ਚਾਹੀਦੀ ਹੈ ਕਿ ਕੀ ਰਿਪੋਰਟ ਬਿਲਕੁਲ ਜ਼ਰੂਰੀ ਹੈ ਜਾਂ ਕੀ ਜਿਹੜੀ ਜਾਣਕਾਰੀ ਤੁਹਾਨੂੰ ਕੋਰਟ ਅੱਗੇ ਰੱਖਣ ਦੀ ਲੋੜ ਹੈ, ਉਹ ਕਿਸੇ ਹੋਰ ਤਰੀਕੇ ਨਾਲ ਦਿੱਤੀ ਜਾ ਸਕਦੀ ਹੈ।

ਜੇ ਤੁਸੀਂ ਸੈਕਸ਼ਨ 211 ਰਿਪੋਰਟ ਕਿਸੇ **ਫੈਮਿਲੀ ਜਸਟਿਸ ਕੌਂਸਲਰ** ਤੋਂ ਤਿਆਰ ਕਰਵਾਉਣੀ ਹੈ ਤਾਂ ਤੁਸੀਂ ਇਹ ਚੋਣ ਕਰਨ ਦੇ ਯੋਗ ਨਹੀਂ ਹੋਵੋਗੇ ਕਿ ਕਿਹੜਾ ਕੌਂਸਲਰ ਰਿਪੋਰਟ ਤਿਆਰ ਕਰੇਗਾ।

ਜੇ ਤੁਸੀਂ ਸੈਕਸ਼ਨ 211 ਰਿਪੋਰਟ ਕਿਸੇ **ਪ੍ਰਾਈਵੇਟ ਅਸੈੱਸਰ** ਤੋਂ ਤਿਆਰ ਕਰਵਾਉਣੀ ਹੈ ਤਾਂ ਇਹ ਜ਼ਰੂਰੀ ਹੈ ਕਿ ਕਿਸੇ ਖਾਸ ਵਿਅਕਤੀ ਲਈ ਸਹਿਮਤ ਹੋਣ ਤੋਂ ਪਹਿਲਾਂ ਤੁਸੀਂ ਜਾਂ ਤੁਹਾਡਾ ਵਕੀਲ ਉਸ ਤੋਂ ਬਹੁਤ ਸਾਰੇ ਸਵਾਲ ਪੁੱਛੇ।

## ਕਿਸੇ ਅਸੈੱਸਰ ਦੀ ਚੋਣ ਕਰਨ ਵੇਲੇ ਜ਼ਰੂਰੀ ਸਵਾਲ

### ਕੀ ਤੁਹਾਨੂੰ ਪਰਿਵਾਰਕ ਹਿੰਸਾ ਦਾ ਸਾਮ੍ਹਣਾ ਕਰਨਾ ਪਿਆ ਹੈ?

ਫੈਮਿਲੀ ਲਾਅ ਵਿਚ, ਸ਼ਬਦ "ਪਰਿਵਾਰਕ ਹਿੰਸਾ" ਵਿਚ ਸਰੀਰਕ, ਜਜ਼ਬਾਤੀ, ਕਾਮੁਕ, ਅਤੇ ਵਿੱਤੀ ਬੁਰਾ ਵਰਤਾਉ ਸ਼ਾਮਲ ਹਨ। ਜੇ ਤੁਹਾਡੇ ਐਕਸ ਨੇ ਤੁਹਾਡੇ ਨਾਲ ਹਿੰਸਾ ਕੀਤੀ ਹੋਵੇ ਤਾਂ ਤੁਸੀਂ ਇਹ ਪੱਕਾ ਕਰਨਾ ਚਾਹੋਗੇ ਕਿ ਰਿਪੋਰਟ ਤਿਆਰ ਕਰਨ ਵਾਲੇ ਵਿਅਕਤੀ ਕੋਲ ਪਰਿਵਾਰਕ ਹਿੰਸਾ (ਫੈਮਿਲੀ ਵਾਇਲੈਂਸ) ਬਾਰੇ ਟਰੇਨਿੰਗ ਅਤੇ ਮੁਹਾਰਤ ਹੈ। ਪਰਿਵਾਰਕ ਹਿੰਸਾ ਵਾਲੇ ਬਹੁਤ ਸਾਰੇ ਕੇਸਾਂ ਵਿਚ, ਔਰਤਾਂ ਇਹ ਯਕੀਨ ਕਰਦੀਆਂ ਹਨ ਕਿ ਅਸੈੱਸਰ ਬੁਰੇ ਵਰਤਾਉ ਦੀ ਪਛਾਣ ਕਰ ਲਵੇਗਾ ਅਤੇ ਉਸ ਨੂੰ ਅਤੇ ਉਸ ਦੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਸਿਫਾਰਸ਼ਾਂ ਕਰੇਗਾ। ਪਰ ਜਿਨ੍ਹਾਂ ਅਸੈੱਸਰਾਂ ਕੋਲ ਪਰਿਵਾਰਕ ਹਿੰਸਾ ਦੇ ਵਿਸ਼ੇ ਵਿਚ ਖਾਸ ਟਰੇਨਿੰਗ ਨਹੀਂ ਹੁੰਦੀ, ਉਹ ਅਕਸਰ ਇਸ ਨੂੰ ਅਣਡਿੱਠ ਕਰ ਦੇਣਗੇ ਜਾਂ ਗਲਤ ਅਰਥ ਕੱਢਣਗੇ। ਭਾਵੇਂ ਅਸੈੱਸਰ ਇਸ ਗੱਲ ਨਾਲ ਸਹਿਮਤ ਵੀ ਹੋਵੇ ਕਿ ਹਿੰਸਾ ਹੋਈ ਹੈ ਤਾਂ ਉਹ ਅਜੇ ਵੀ ਇਹ ਸਿਫਾਰਸ਼ ਕਰ ਸਕਦਾ ਹੈ ਕਿ ਤੁਸੀਂ ਬੱਚੇ ਦਾ ਪਾਲਣ-ਪੋਸਣ ਦੂਜੇ ਮਾਪੇ ਨਾਲ ਰਲ ਕੇ ਕਰੋ।

### ਕੀ ਤੁਸੀਂ ਅੰਗਰੇਜ਼ੀ ਸਿੱਖ ਰਹੇ ਹੋ?

ਜੇ ਤੁਸੀਂ ਅੰਗਰੇਜ਼ੀ ਸਿੱਖ ਰਹੇ ਹੋ, ਭਾਵੇਂ ਤੁਸੀਂ ਸੌਖ ਨਾਲ ਗੱਲਬਾਤ ਕਰ ਸਕਦੇ ਹੋਵੋ, ਆਪਣੀ ਅਸੈੱਸਮੈਂਟ ਦੌਰਾਨ ਉਲੱਥੇ ਅਤੇ ਅਨੁਵਾਦ ਦੀ ਸਰਵਿਸ ਤੁਹਾਨੂੰ ਮਦਦ ਕਰਨ ਵਾਲੀ ਲੱਗ ਸਕਦੀ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਤੁਸੀਂ ਇਹ ਸਮਝਦੇ ਹੋ ਕਿ ਤੁਹਾਨੂੰ ਕੀ ਪੁੱਛਿਆ ਗਿਆ ਹੈ। ਪ੍ਰਾਈਵੇਟ ਅਸੈੱਸਰਾਂ ਵਲੋਂ ਵਰਤੇ ਜਾਂਦੇ ਮਨੋਵਿਗਿਆਨਕ ਟੈੱਸਟ ਕਦੇ ਕਦੇ "ਸਟੈਂਡਰਡਾਈਜ਼ਡ" ਹੁੰਦੇ ਹਨ ਜਿਸ ਦਾ ਮਤਲਬ ਹੈ ਕਿ ਹਰ ਕੋਈ ਜੋ ਟੈੱਸਟ ਲੈਂਦਾ ਹੈ ਉਹ ਇੱਕੋ ਜਿਹਾ ਹੀ ਹੁੰਦਾ ਹੈ, ਜੋ ਕਿ ਅੰਗਰੇਜ਼ੀ ਵਿਚ ਲਿਖਿਆ ਹੁੰਦਾ ਹੈ ਅਤੇ ਇਹ ਅੰਗਰੇਜ਼ੀ ਬੋਲਣ ਵਾਲੇ ਲੋਕਾਂ ਵਲੋਂ ਤਿਆਰ ਕੀਤਾ ਗਿਆ ਹੁੰਦਾ ਹੈ।

### ਕੀ ਤੁਸੀਂ ਆਦਿਵਾਸੀ ਹੋ?

ਕਿਸੇ ਆਦਿਵਾਸੀ ਵਿਅਕਤੀ ਵਜੋਂ ਤੁਹਾਡੇ ਬਾਰੇ ਸੈਕਸ਼ਨ 211 ਰਿਪੋਰਟ ਲਿਖਣਾ ਖਾਸ ਤੌਰ 'ਤੇ ਚੁਣੌਤੀ ਵਾਲਾ ਹੋ ਸਕਦਾ ਹੈ ਕਿਉਂਕਿ ਅਸੈੱਸਰਾਂ ਤੋਂ ਬਸਤੀਵਾਦ ਦੇ ਅਸਰਾਂ ਬਾਰੇ ਗਿਆਨ ਹੋਣ ਜਾਂ ਆਪਣੇ ਖੁਦ ਦੇ ਪੱਖਪਾਤ ਜਾਂ ਸਿਸਟਮ ਵਿਚਲੇ ਨਸਲਵਾਦ ਬਾਰੇ ਟਰੇਨਿੰਗ ਪੂਰੀ ਕਰਨ ਦੀ ਮੰਗ ਨਹੀਂ ਕੀਤੀ ਜਾਂਦੀ। ਜੇ ਕੋਈ ਪ੍ਰਾਈਵੇਟ ਅਸੈੱਸਰ ਸੈਕਸ਼ਨ 211 ਰਿਪੋਰਟ ਲਿਖ ਰਿਹਾ ਹੋਵੇ ਤਾਂ ਤੁਸੀਂ ਉਸ ਤੋਂ ਕੋਈ ਖਾਸ ਟਰੇਨਿੰਗ ਪੂਰੀ ਕੀਤੀ ਹੋਣ ਬਾਰੇ ਪੁੱਛਣਾ ਚਾਹੁੰਦੇ ਹੋ ਸਕਦੇ ਹੋ ਤਾਂ ਜੋ ਆਦਿਵਾਸੀ ਲੋਕਾਂ ਨਾਲ ਆਦਰ ਅਤੇ ਸੁਰੱਖਿਅਤ ਤਰੀਕੇ ਨਾਲ ਕੰਮ ਕਰਨ ਵਿਚ ਉਸ ਦੀ ਮਦਦ ਹੋ ਸਕੇ।

ਕਿਸੇ ਆਦਿਵਾਸੀ ਵਿਅਕਤੀ ਵਜੋਂ ਤੁਹਾਡੇ ਬਾਰੇ ਸੈਕਸ਼ਨ 211 ਰਿਪੋਰਟ ਲਿਖਣਾ ਖਾਸ ਤੌਰ 'ਤੇ ਚੁਣੌਤੀ ਵਾਲਾ ਹੋ ਸਕਦਾ ਹੈ।

### ਕੀ ਤੁਸੀਂ ਰਿਪੋਰਟ ਦਾ ਖਰਚਾ ਦੇ ਸਕਦੇ ਹੋ?

ਤੁਹਾਨੂੰ ਰਿਪੋਰਟ ਦੇ ਖਰਚੇ ਅਤੇ ਇਸ ਚੀਜ਼ ਬਾਰੇ ਵੀ ਸਵਾਲ ਪੁੱਛਣੇ ਚਾਹੀਦੇ ਹਨ ਕਿ ਖਰਚਾ ਕੌਣ ਦੇਵੇਗਾ ਅਤੇ ਕਿਵੇਂ ਦੇਵੇਗਾ (ਉਦਾਹਰਣ ਲਈ ਕੀ ਤੁਹਾਡਾ ਐਕਸ-ਸਪਾਉਸ ਰਿਪੋਰਟ ਦਾ ਖਰਚਾ ਦੇਵੇਗਾ ਅਤੇ ਫਿਰ ਤੁਹਾਡੇ ਵਲੋਂ ਬਾਅਦ ਵਿਚ ਵਾਪਸ ਮੋੜਿਆ ਜਾਵੇਗਾ, ਜਾਂ ਕੀ ਤੁਸੀਂ ਦੋਨੋਂ ਅਸੈੱਸਰ ਨੂੰ ਵੱਖੋ ਵੱਖਰੇ ਤੌਰ 'ਤੇ ਪੇਮੈਂਟਾਂ ਦਿਉਗੇ?)।

ਜੇ ਤੁਸੀਂ ਅਤੇ ਤੁਹਾਡੇ ਐਕਸ-ਸਪਾਉਸ (ਸਾਬਕਾ ਪਤੀ/ਪਾਰਟਨਰ) ਇਸ ਚੀਜ਼ ਬਾਰੇ ਸਹਿਮਤ ਨਾ ਹੋ ਸਕੋ ਕਿ ਪ੍ਰਾਈਵੇਟ ਅਸੈੱਸਰ ਕੌਣ ਹੋਣਾ ਚਾਹੀਦਾ ਹੈ ਤਾਂ ਜੱਜ ਕਿਸੇ ਦੀ ਚੋਣ ਕਰ ਸਕਦਾ ਹੈ।

## ਅਸੈੱਸਰ ਨਾਲ ਕੰਮ ਕਰਨਾ


ਜੱਜ ਵਲੋਂ ਸੈਕਸ਼ਨ 211 ਰਿਪੋਰਟ ਦਾ ਆਰਡਰ ਕਰਨ ਵੇਲੇ, ਉਹ ਰਿਪੋਰਟ ਲਿਖਣ ਵਾਲਿਆਂ ਨੂੰ ਇਹ ਹਿਦਾਇਤਾਂ ਦੇਣਗੇ ਕਿ ਉਨ੍ਹਾਂ ਦੇ ਆਰਡਰ ਵਿਚ ਕਿਸ ਕਿਸਮ ਦੀ ਜਾਣਕਾਰੀ ਸ਼ਾਮਲ ਕਰਨੀ ਹੈ।

ਜੇ ਤੁਸੀਂ ਅਤੇ ਤੁਹਾਡਾ ਐਕਸ-ਸਪਾਊਸ ਕੋਈ ਪ੍ਰਾਈਵੇਟ ਅਸੈੱਸਰ ਕਰ ਰਹੇ ਹੋਵੋ ਤਾਂ ਤੁਹਾਡੇ ਵਕੀਲ ਵੀ ਅਸੈੱਸਰ ਨੂੰ ਇਕ ਸਾਂਝਾ ਐਗਰੀਮੈਂਟ ਭੇਜਣਗੇ ਜਿਹੜਾ ਤੁਹਾਡੇ ਕੇਸ ਬਾਰੇ ਮੁਢਲੀ ਜਾਣਕਾਰੀ ਦਿੰਦਾ ਹੈ, ਇਹ ਦੱਸਦਾ ਹੈ ਕਿ ਪਾਲਣ-ਪੋਸਣ ਦੀਆਂ ਕਿਹੜੀਆਂ ਸਮੱਸਿਆਵਾਂ ਬਾਰੇ ਤੁਸੀਂ ਅਸਹਿਮਤ ਹੋ, ਅਤੇ ਕੋਈ ਵੀ ਉਹ ਹੋਰ ਮਾਮਲੇ ਜਿਨ੍ਹਾਂ ਬਾਰੇ ਜੱਜ ਜਾਣਕਾਰੀ ਚਾਹੁੰਦਾ ਹੈ। ਇਹ ਐਗਰੀਮੈਂਟ ਇਹ ਵੀ ਦੱਸੇਗਾ ਕਿ ਕਿਹੜੇ ਪੇਪਰ (ਡਾਕੂਮੈਂਟਸ) ਅਤੇ ਹੋਰ ਜਾਣਕਾਰੀ ਤੁਹਾਨੂੰ ਸਾਂਝੀ ਕਰਨ ਦੀ ਲੋੜ ਹੈ, ਅਤੇ ਪੇਮੈਂਟਾਂ ਕਿਵੇਂ ਕੀਤੀਆਂ ਜਾਣਗੀਆਂ। ਐਗਰੀਮੈਂਟ ਵਿਚ ਇਸ ਤਰ੍ਹਾਂ ਦੇ ਨਿਯਮ ਵੀ ਸ਼ਾਮਲ ਹੋ ਸਕਦੇ ਹਨ ਕਿ ਕੋਈ ਵੀ ਮਾਪਾ ਦੂਜੇ ਮਾਪੇ ਦੀ ਸਹਿਮਤੀ ਤੋਂ ਬਿਨਾਂ ਅਸੈੱਸਰ ਨੂੰ ਵਾਧੂ ਡਾਕੂਮੈਂਟਸ ਨਹੀਂ ਦੇਵੇਗਾ। ਜੇ ਤੁਹਾਡੇ ਕੋਲ ਵਕੀਲ ਹੈ ਤਾਂ ਤੁਹਾਡਾ ਵਕੀਲ ਤੁਹਾਨੂੰ ਇਸ ਬਾਰੇ ਸਲਾਹ ਦੇਵੇਗਾ।

ਰਿਪੋਰਟ ਲਿਖਣ ਵਾਲੇ ਆਮ ਤੌਰ 'ਤੇ ਤੁਹਾਡੇ ਕੇਸ ਨਾਲ ਸੰਬੰਧਿਤ ਕੋਈ ਵੀ ਪੇਪਰਾਂ (ਡਾਕੂਮੈਂਟਸ) ਦੀ ਪੜਚੋਲ ਕਰਨਗੇ ਅਤੇ ਉਹ ਤੁਹਾਡੇ ਤੋਂ ਉਨ੍ਹਾਂ ਹੋਰ ਲੋਕਾਂ ਜਾਂ "ਸਕਿਆਂ" ਦੀ ਲਿਸਟ ਵੀ ਮੰਗ ਸਕਦੇ ਹਨ ਜਿਹੜੇ ਤੁਹਾਡੇ ਬੱਚਿਆਂ ਬਾਰੇ ਗੱਲ ਕਰ ਸਕਦੇ ਹਨ। ਜੇ ਸੰਭਵ ਹੋਵੇ ਤਾਂ ਇਸ ਚੀਜ਼ ਬਾਰੇ ਕਿਸੇ ਵਕੀਲ ਦੀ ਸਲਾਹ ਲਓ ਕਿ ਤੁਹਾਨੂੰ ਕਿਹੜੀ ਜਾਣਕਾਰੀ ਦੇਣ ਦੀ ਲੋੜ ਹੈ ਅਤੇ ਕਿਨ੍ਹਾਂ ਦੇ ਨਾਂ ਤੁਹਾਨੂੰ ਰਿਪੋਰਟ ਲਿਖਣ ਵਾਲੇ ਨੂੰ ਦੇਣੇ ਚਾਹੀਦੇ ਹਨ।

## ਕੋਰਟਾਂ ਵਿਚ ਸੈਕਸ਼ਨ 211 ਰਿਪੋਰਟਾਂ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ?

ਸੈਕਸ਼ਨ 211 ਰਿਪੋਰਟਾਂ ਕੋਰਟ ਦੇ ਹੋਰ ਪੇਪਰਾਂ ਵਾਂਗ ਨਹੀਂ ਹਨ। ਰਿਪੋਰਟ ਲਿਖ ਰਹੇ ਵਿਅਕਤੀ ਨੂੰ ਉਨ੍ਹਾਂ ਤੱਥਾਂ ਬਾਰੇ ਜੱਜ ਨੂੰ ਜਾਣਕਾਰੀ ਦੇਣ ਦੀ ਆਗਿਆ ਹੈ ਜਿਹੜੇ ਤੁਸੀਂ ਅਤੇ ਤੁਹਾਡੇ ਐਕਸ ਨੇ ਉਸ ਨੂੰ ਦੱਸੇ ਹਨ, ਅਤੇ ਇਸ ਦੇ ਨਾਲ ਨਾਲ ਇਨ੍ਹਾਂ ਤੱਥਾਂ ਬਾਰੇ ਆਪਣੀ ਰਾਇ ਦੇਣ ਦੀ ਵੀ ਆਗਿਆ ਹੈ। ਜੱਜ ਰਿਪੋਰਟਾਂ ਵਿਚ ਦੱਸੀਆਂ ਗਈਆਂ ਗੱਲਾਂ ਉੱਪਰ ਬਹੁਤ ਨਿਰਭਰ ਕਰਦੇ ਹਨ। ਜੇ ਤੁਸੀਂ ਕਿਸੇ ਉਸ ਗੱਲ ਨਾਲ ਅਸਹਿਮਤ ਹੋਵੋ ਜਿਹੜੀ ਰਿਪੋਰਟ ਲਿਖਣ ਵਾਲੇ ਨੇ ਕਹੀ ਹੈ ਤਾਂ ਤੁਹਾਨੂੰ ਉਸ ਨੂੰ ਸਵਾਲ ਕਰਨ ਲਈ ਕੋਰਟ ਵਿਚ ਆਉਣ ਲਈ ਕਹਿਣਾ ਪੈ ਸਕਦਾ ਹੈ (ਪੁੱਛ-ਗਿੱਛ ਕਰਨ ਲਈ)।



## ਤੁਹਾਨੂੰ ਕਿਵੇਂ ਤਿਆਰ ਹੋਣਾ ਚਾਹੀਦਾ ਹੈ?

ਰਿਪੋਰਟ ਲਿਖਣ ਵਾਲੇ ਨੂੰ ਮਿਲਣ ਵਾਸਤੇ ਤਿਆਰੀ ਕਰਨ ਲਈ ਤੁਹਾਨੂੰ ਇਨ੍ਹਾਂ ਕੁਝ ਚੀਜ਼ਾਂ ਬਾਰੇ ਸੋਚਣਾ ਚਾਹੀਦਾ ਹੈ।

- **ਰਿਪੋਰਟ ਲਿਖਣ ਵਾਲਾ** ਤੁਹਾਡੇ ਬੱਚਿਆਂ 'ਤੇ ਨਿਗ੍ਹਾ ਰੱਖ ਕੇ, ਤੁਹਾਡੇ ਬੱਚਿਆਂ ਨਾਲ ਇੰਟਰਵਿਊ ਕਰਕੇ ਅਤੇ ਹਰ ਮਾਪੇ ਨਾਲ ਇੰਟਰਵਿਊ ਕਰਕੇ ਤੁਹਾਡੀਆਂ ਅਤੇ ਦੂਜੇ ਮਾਪੇ ਦੀਆਂ **ਬੱਚਿਆਂ ਨੂੰ ਪਾਲਣ-ਪੋਸਣ ਦੀਆਂ ਸਮਰੱਥਾਵਾਂ ਦਾ ਅਨੁਮਾਨ ਲਾਵੇਗਾ।** ਅਸੈੱਸਮੈਂਟ ਵਿਚ ਆਮ ਤੌਰ 'ਤੇ ਘਰ ਫੇਰੀ ਮਾਰਨਾ ਸ਼ਾਮਲ ਹੁੰਦਾ ਹੈ। ਅਸੈੱਸਰ ਤੁਹਾਨੂੰ ਤੁਹਾਡੀ ਜ਼ਿੰਦਗੀ ਬਾਰੇ ਸਵਾਲ ਪੁੱਛੇਗਾ। ਤੁਹਾਡੇ ਵਲੋਂ ਕਹੀ ਜਾਣ ਵਾਲੀ ਕੋਈ ਵੀ ਗੱਲ ਰਿਪੋਰਟ ਵਿਚ ਸ਼ਾਮਲ ਕੀਤੀ ਜਾ ਸਕਦੀ ਹੈ, ਜਿਹੜੀ ਕਿ ਦੂਜੀ ਧਿਰ ਅਤੇ ਜੱਜ ਨੂੰ ਦਿੱਤੀ ਜਾਵੇਗੀ।

- **ਰਿਪੋਰਟ ਲਿਖਣ ਵਾਲਾ ਨਿੱਜੀ ਕੌਂਸਲਰ ਨਹੀਂ ਹੈ,** ਅਤੇ ਮੀਟਿੰਗ ਦਾ ਮੰਤਵ ਬਿਹਤਰ ਮਹਿਸੂਸ ਕਰਨ ਵਿਚ ਤੁਹਾਡੀ ਮਦਦ ਕਰਨਾ ਨਹੀਂ ਹੈ, ਸਗੋਂ ਜਾਣਕਾਰੀ ਇਕੱਠੀ ਕਰਨਾ ਹੈ। ਇਹ ਕਿਸੇ ਕੌਂਸਲਰ ਨੂੰ ਮਿਲਣ ਦੇ ਹੋਰ ਸਮਿਆਂ ਨਾਲੋਂ ਕਾਫੀ ਵੱਖਰਾ ਹੋ ਸਕਦਾ ਹੈ।

- **ਰਿਪੋਰਟ ਲਿਖਣ ਵਾਲੇ ਵਲੋਂ ਤੁਹਾਨੂੰ ਇਕ ਸਹਿਮਤੀ ਫਾਰਮ 'ਤੇ ਦਸਖਤ ਕਰਨ ਲਈ ਕਹੇ ਜਾਣ ਦੀ ਸੰਭਾਵਨਾ ਹੋਵੇਗੀ** ਅਤੇ ਉਸ ਨੂੰ ਤੁਹਾਨੂੰ "ਜਾਣਕਾਰੀ ਲੈ ਕੇ ਸਹਿਮਤੀ ਦੇਣ" ਬਾਰੇ ਦੱਸਣਾ ਚਾਹੀਦਾ ਹੈ। ਕੋਰਟ ਵਲੋਂ ਰਿਪੋਰਟ ਦਾ ਆਰਡਰ ਕਰ ਦਿੱਤੇ ਜਾਣ ਤੋਂ ਬਾਅਦ, ਸਹਿਮਤੀ ਨੂੰ ਰੋਕਣ ਦੀ ਤੁਹਾਡੀ ਇਸ ਸਮਰੱਥਾ ਦੀਆਂ ਸੀਮਾਵਾਂ ਹੋਣਗੀਆਂ ਕਿ ਰਿਪੋਰਟ ਲਿਖਣ ਵਾਲੇ ਨੂੰ ਜਿਹੜੀ ਜਾਣਕਾਰੀ ਤੁਸੀਂ ਦਿੱਤੀ ਹੈ ਉਸ ਦੀ ਵਰਤੋਂ ਕਿਵੇਂ ਕੀਤੀ ਜਾਣੀ ਹੈ। ਉਦਾਹਰਣ ਲਈ, ਤੁਸੀਂ ਇਹ ਚਾਹੁੰਦੇ ਹੋ ਸਕਦੇ ਹੋ ਕਿ ਤੁਹਾਡੇ ਟੈੱਸਟ ਦੇ ਨਤੀਜੇ ਰਿਪੋਰਟ ਵਿਚ ਸ਼ਾਮਲ ਨਾ ਕੀਤੇ ਜਾਣ, ਪਰ ਅਸੈੱਸਰ ਕੋਰਟ ਆਰਡਰ ਕਰਕੇ ਇਨ੍ਹਾਂ ਨੂੰ ਸ਼ਾਮਲ ਕਰਨ ਦੇ ਯੋਗ ਹੋਵੇਗਾ।

- **ਇਹ ਪੱਕਾ ਕਰਨ ਦੀ ਕੋਸ਼ਿਸ਼ ਕਰੋ ਕਿ ਤੁਸੀਂ ਇਹ ਜਾਣਦੇ ਹੋਵੋ ਕਿ ਰਿਪੋਰਟ ਲਿਖਣ ਵਾਲਾ ਤੁਹਾਡੇ ਨਾਲ ਕਿੰਨਾ ਸਮਾਂ ਮਿਲੇਗਾ।** ਕੁਝ ਕੇਸਾਂ ਵਿਚ, ਮੀਟਿੰਗ ਦੀ ਲੰਬਾਈ ਅੱਠ ਘੰਟਿਆਂ ਤੱਕ ਦੀ ਹੋ ਸਕਦੀ ਹੈ।

- **ਖਾਣਾ ਅਤੇ ਪਾਣੀ ਨਾਲ ਲਿਆਉ।** ਤੁਹਾਡੇ ਲਈ ਸਨੈਕ ਖਰੀਦਣ ਜਾਣ ਲਈ ਸਮਾਂ ਨਹੀਂ ਹੋ ਸਕਦਾ ਹੈ, ਅਤੇ ਹੋ ਸਕਦਾ ਤੁਹਾਨੂੰ ਪਾਣੀ ਜਾਂ ਕੌਫੀ ਲਈ ਬਰੇਕ ਨਾ ਦਿੱਤੀ ਜਾਵੇ। ਮੀਟਿੰਗ ਦੌਰਾਨ, ਜੇ ਲੋੜ ਹੋਵੇ ਤਾਂ ਬਰੇਕਾਂ ਲਈ ਕਹਿਣਾ ਓਕੇ ਹੈ। ਜੇ ਰਿਪੋਰਟ ਲਿਖਣ ਵਾਲਾ ਤੁਹਾਨੂੰ ਬਰੇਕ ਲੈਣ ਦੀ ਉਦੋਂ ਆਗਿਆ ਨਾ ਦੇਵੇ ਜਦੋਂ ਤੁਹਾਨੂੰ ਇਸ ਦੀ ਲੋੜ ਹੈ ਤਾਂ ਤੁਹਾਨੂੰ ਆਪਣੇ ਵਕੀਲ ਨੂੰ ਦੱਸਣਾ ਚਾਹੀਦਾ ਹੈ ਜਾਂ ਜੋ ਹੋਇਆ ਹੈ ਉਸ ਚੀਜ਼ ਬਾਰੇ ਕਾਨੂੰਨੀ ਸਲਾਹ ਮਿਲਣ ਵੇਲੇ ਦੱਸਣ ਲਈ ਨੋਟ ਲਿਖ ਲਉ। ਕੁਝ ਟੈੱਸਟਾਂ ਦੌਰਾਨ, ਤੁਹਾਨੂੰ ਸ਼ਾਇਦ ਬਰੇਕ ਲਈ ਛੁੱਟੀ ਦੀ ਆਗਿਆ ਨਾ ਮਿਲੇ, ਇਸ ਕਰਕੇ ਕੋਈ ਵੀ ਟੈੱਸਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਪੀਣ, ਖਾਣ, ਜਾਂ ਵਾਸ਼ਰੂਮ ਜਾਣ ਲਈ ਛੋਟੀ ਸਿਹਤ ਬਰੇਕ ਲਈ ਪੁੱਛਣਾ ਚੰਗਾ ਹੈ।

- **ਰਿਪੋਰਟ ਲਿਖਣ ਵਾਲੇ ਨਾਲ ਪੇਸ਼ਾਵਰ ਤਰੀਕੇ ਅਤੇ ਨਿਮਰਤਾ ਨਾਲ ਪੇਸ਼ ਆਉ।** ਰਿਪੋਰਟ ਲਿਖਣ ਵਾਲਾ ਤੁਹਾਡੇ ਵਤੀਰੇ ਬਾਰੇ ਰਿਪੋਰਟ ਕਰੇਗਾ ਅਤੇ ਇਹ ਜਾਣਕਾਰੀ ਕੋਰਟ ਨੂੰ ਦਿੱਤੀ ਜਾਵੇਗੀ। ਇਸ ਗੱਲ ਤੋਂ ਜਾਣੂ ਰਹੋ ਕਿ ਰਿਪੋਰਟ ਲਿਖਣ ਵਾਲਾ ਤੁਹਾਡੇ ਪ੍ਰਤੀ ਨਿਮਰ ਜਾਂ ਪੇਸ਼ਾਵਰ ਨਹੀਂ ਹੋ ਸਕਦਾ ਹੈ ਅਤੇ ਉਹ ਤੁਹਾਡੇ ਘਰ ਜਾਂ ਦਿੱਖ ਬਾਰੇ ਘਟੀਆ ਟਿੱਪਣੀਆਂ ਕਰ ਸਕਦਾ ਹੈ। ਇਕ ਵਾਰ ਫਿਰ, ਜੇ ਅਜਿਹਾ ਹੁੰਦਾ ਹੈ ਤਾਂ ਆਪਣੇ ਵਕੀਲ ਨੂੰ ਦੱਸੋ ਜੇ ਤੁਹਾਡੇ ਕੋਲ ਹੈ, ਜਾਂ ਜੋ ਹੋਇਆ ਹੈ ਉਹ ਲਿਖ ਲਉ ਤਾਂ ਜੋ ਕਾਨੂੰਨੀ ਸਲਾਹ ਮਿਲਣ ਵੇਲੇ ਤੁਸੀਂ ਇਸ ਬਾਰੇ ਦੱਸ ਸਕੋ।

- **ਜੇ ਰਿਪੋਰਟ ਲਿਖਣ ਵਾਲਾ ਪ੍ਰਾਈਵੇਟ ਅਸੈੱਸਰ ਹੈ ਤਾਂ ਉਹ ਤੁਹਾਨੂੰ ਮਨੋਵਿਗਿਆਨਕ ਟੈੱਸਟ ਪੂਰੇ ਕਰਨ ਲਈ ਕਹਿ ਸਕਦਾ ਹੈ** – ਇਹ ਅਕਸਰ ਕਈ ਚੋਣਾਂ ਵਿੱਚੋਂ ਇਕ ਚੋਣ ਕਰਨ ਵਾਲੇ ਹੁੰਦੇ ਹਨ ਅਤੇ ਇਹ ਕੰਪਿਊਟਰ ਉੱਪਰ ਜਾਂ ਪੈਨਸ਼ਲ ਅਤੇ ਬਬਲ ਸ਼ੀਟ ਉੱਪਰ ਕੀਤੇ ਜਾ ਸਕਦੇ ਹਨ। ਜੇ ਤੁਸੀਂ ਇਹ ਸੋਚਦੇ ਹੋਵੋ ਕਿ ਟੈੱਸਟ ਦੇ ਨਤੀਜਿਆਂ ਦੀ ਕੋਈ ਸਮੱਸਿਆ ਹੈ ਤਾਂ ਨਤੀਜਿਆਂ ਦਾ ਰਿਵੀਊ ਕਰਨ ਲਈ ਤੁਹਾਨੂੰ ਕੋਈ ਹੋਰ ਪ੍ਰਾਈਵੇਟ ਅਸੈੱਸਰ ਕਰਨ ਦੀ ਲੋੜ ਪੈ ਸਕਦੀ ਹੈ ਕਿਉਂਕਿ ਅਸੈੱਸਰ ਤੁਹਾਡੇ ਜਵਾਬ ਤੁਹਾਡੇ ਵਕੀਲ ਜਾਂ ਕੋਰਟ ਨੂੰ ਨਹੀਂ ਦੇਵੇਗਾ, ਉਹ ਸਿਰਫ ਇਹ ਕਿਸੇ ਹੋਰ ਯੋਗਤਾ ਪ੍ਰਾਪਤ ਅਸੈੱਸਰ ਨੂੰ ਹੀ ਦੇਵੇਗਾ।

- **ਰਿਪੋਰਟ ਲਿਖਣ ਵਾਲਾ ਬਹੁਤ ਵਿਸ਼ਾਲ ਅਤੇ ਖੁੱਲ੍ਹੇ ਸਵਾਲ ਵੀ ਪੁੱਛ ਸਕਦਾ ਹੈ।** ਜੇ ਸੰਭਵ ਹੋਵੇ ਤਾਂ ਕੋਰਟ ਅੱਗੇ ਤਾਜ਼ਾ ਮਸਲੇ 'ਤੇ ਧਿਆਨ ਦਿਉ। ਕਦੇ ਕਦੇ ਰਿਪੋਰਟ ਲਿਖਣ ਵਾਲੇ ਤੁਹਾਡੀ ਨਿੱਜੀ ਹਿਸਟਰੀ ਬਾਰੇ ਸਵਾਲ ਪੁੱਛ ਸਕਦੇ ਹਨ – ਜੇ ਰਿਪੋਰਟ ਲਿਖਣ ਵਾਲਾ ਤੁਹਾਨੂੰ ਅਜਿਹੇ ਸਵਾਲ ਪੁੱਛਦਾ ਹੈ ਜਿਹੜੇ ਤੁਹਾਡੇ ਮੌਜੂਦਾ ਕੇਸ ਬਾਰੇ ਨਹੀਂ ਹਨ (ਉਦਾਹਰਣ ਲਈ ਜੇ ਅਸੈੱਸਰ ਤੁਹਾਨੂੰ ਤੁਹਾਡੇ ਪਿਛਲੇ ਰੋਮਾਂਟਿਕ ਸੰਬੰਧਾਂ ਬਾਰੇ ਪੁੱਛਦਾ ਹੈ) ਤਾਂ ਈਮਾਨਦਾਰ ਅਤੇ ਸੰਖੇਪ ਵਿਚ ਗੱਲ ਕਰੋ।

- **ਰਿਪੋਰਟ ਲਿਖਣ ਵਾਲਾ ਰਿਪੋਰਟ ਵਿਚ ਇਹ ਜਾਣਕਾਰੀ ਸ਼ਾਮਲ ਕਰ ਸਕਦਾ ਹੈ ਕਿ ਤੁਸੀਂ ਦੂਜੇ ਮਾਪੇ ਬਾਰੇ ਕਿਵੇਂ ਗੱਲ ਕਰਦੇ ਹੋ।** ਆਪਣੇ ਫਿਕਰ ਜ਼ਾਹਰ ਕਰਨ ਵੇਲੇ, ਉਨ੍ਹਾਂ ਵਤੀਰਿਆਂ ਦੀਆਂ ਖਾਸ ਉਦਾਹਰਣਾਂ ਦੇਣ ਦੀ ਕੋਸ਼ਿਸ਼ ਕਰੋ ਜਿਨ੍ਹਾਂ ਦਾ ਤੁਹਾਨੂੰ ਫਿਕਰ ਹੈ। ਈਮਾਨਦਾਰੀ ਨਾਲ ਗੱਲ ਕਰੋ ਅਤੇ ਵੇਰਵੇ ਦੇਣ ਤੋਂ ਪਰਹੇਜ਼ ਕਰੋ ਜਿਵੇਂ ਕਿ 'ਸਦਾ' ਅਤੇ 'ਕਦੇ ਵੀ ਨਹੀਂ'; ਇਸ ਦੀ ਬਜਾਏ 'ਅਕਸਰ' ਜਾਂ 'ਕਦੇ ਕਦੇ' ਵਰਤੋ। ਜੇ ਵਿਰੋਧੀ ਪਾਰਟੀ ਵਿਚ ਅਧਿਕਾਰਤ ਤੌਰ 'ਤੇ ਕਿਸੇ ਮਾਨਸਿਕ ਬੀਮਾਰੀ ਦੀ ਪਛਾਣ ਨਹੀਂ ਕੀਤੀ ਗਈ ਤਾਂ ਤੁਹਾਨੂੰ ਇਸ ਚੀਜ਼ ਬਾਰੇ ਅੰਦਾਜ਼ਾ ਨਹੀਂ ਲਾਉਣਾ ਚਾਹੀਦਾ ਕਿ ਕੀ ਤੁਹਾਡਾ ਐਕਸ-ਸਪਾਉਸ ਮਾਨਸਿਕ ਤੌਰ 'ਤੇ ਬੀਮਾਰ ਹੈ ਜਾਂ ਨਹੀਂ ਜਾਂ ਇਹ ਕਿ ਤੁਹਾਡੇ ਖਿਆਲ ਮੁਤਾਬਕ ਉਸ ਨੂੰ ਮਾਨਸਿਕ ਬੀਮਾਰੀ ਹੋ ਸਕਦੀ ਹੈ। ਭਾਵੇਂ ਕਿ ਤੁਹਾਡੇ ਐਕਸ-ਸਪਾਉਸ ਨੂੰ ਕਾਨੂੰਨੀ ਸਿਸਟਮ ਵਿਚ ਰਸਮੀ ਤਰੀਕਿਆਂ ਨਾਲ ਸੱਦਿਆ ਜਾ ਸਕਦਾ ਹੈ (ਜਿਵੇਂ ਕਿ "ਵਿਰੋਧੀ ਧਿਰ" ਜਾਂ "ਉੱਤਰਦਾਇਕ"), ਇਹ ਆਮ ਤੌਰ 'ਤੇ ਚੰਗਾ ਹੈ ਜੇ ਅਸੈੱਸਮੈਂਟ ਦੌਰਾਨ ਉਸ ਬਾਰੇ ਉਸ ਦਾ ਪਹਿਲਾ ਨਾਂ ਲੈ ਕੇ ਗੱਲ ਕੀਤੀ ਜਾਵੇ।



- **ਰਿਪੋਰਟ ਲਿਖਣ ਵਾਲਾ ਤੁਹਾਨੂੰ ਤੁਹਾਡੇ ਬੱਚਿਆਂ ਬਾਰੇ ਗੱਲ ਕਰਨ ਲਈ ਵੀ ਕਹਿ ਸਕਦਾ ਹੈ।** ਗੰਭੀਰ ਹੋ ਕੇ ਅਤੇ ਵਿਸਥਾਰ ਵਿਚ ਗੱਲ ਕਰਨ ਦੀ ਕੋਸ਼ਿਸ਼ ਕਰੋ। ਤੁਸੀਂ ਇਹ ਦਿਖਾਉਣਾ ਚਾਹੋਗੇ ਕਿ ਤੁਸੀਂ ਬੱਚਿਆਂ ਦੀਆਂ ਨਿੱਜੀ ਲੋੜਾਂ ਨੂੰ ਸਮਝਦੇ ਹੋ ਜੋ ਕਿ ਜੋ ਤੁਸੀਂ ਚਾਹੁੰਦੇ ਹੋ ਜਾਂ ਦੂਜਾ ਮਾਪਾ ਚਾਹੁੰਦਾ ਹੋ ਸਕਦਾ ਹੈ ਨਾਲੋਂ ਵੱਖਰੀਆਂ ਹਨ। ਜੇ ਤੁਹਾਡੇ ਮਨ ਵਿਚ ਬੱਚਿਆਂ ਬਾਰੇ ਕੋਈ ਫਿਕਰ ਹੋਣ ਤਾਂ ਸਪਸ਼ਟ ਅਤੇ ਸਹੀ ਰਹਿਣ ਦੀ ਕੋਸ਼ਿਸ਼ ਕਰੋ, ਖਾਸ ਤੌਰ 'ਤੇ ਕੋਈ ਉਹ ਚੀਜ਼ ਦੱਸਣ ਵੇਲੇ ਜਿਹੜੀ ਬੱਚੇ ਨੇ ਕੀਤੀ ਜਾਂ ਕਹੀ ਸੀ।

- **ਜੇ ਤੁਹਾਨੂੰ ਹਿੰਸਾ ਦਾ ਸਾਮ੍ਹਣਾ ਕਰਨਾ ਪਿਆ ਹੈ** ਤਾਂ ਇਹ ਗੱਲ ਕਰਨਾ ਮਹੱਤਵਪੂਰਨ ਹੈ ਕਿ ਕੀ ਹੋਇਆ ਸੀ, ਹਿੰਸਾ ਦਾ ਤੁਹਾਡੇ ਉੱਪਰ ਅਸਰ, ਅਤੇ ਕੀ ਤੁਹਾਡੇ ਅਜੇ ਵੀ ਸੇਫਟੀ ਬਾਰੇ ਫਿਕਰ ਹਨ। ਹਿੰਸਾ ਦੇ ਆਪਣੇ ਅਨੁਭਵ ਨੂੰ ਘਟਾ ਕੇ ਨਾ ਦੱਸੋ ਕਿਉਂਕਿ ਇਹ ਇਕ ਮਹੱਤਵਪੂਰਨ ਜਾਣਕਾਰੀ ਹੈ ਜਿਹੜੀ ਕੋਰਟ ਨੇ ਵਿਚਾਰਨੀ ਹੈ। ਪਰ, ਤੁਹਾਨੂੰ ਇਸ ਗੱਲ ਤੋਂ ਜਾਣੂ ਹੋਣਾ ਚਾਹੀਦਾ ਹੈ ਕਿ ਇਹ ਜ਼ਰੂਰੀ ਨਹੀਂ ਕਿ ਕੁਝ ਅਸੈੱਸਰਾਂ ਕੋਲ ਹਿੰਸਾ ਨੂੰ ਸਮਝਣ ਦੀ ਟਰੇਨਿੰਗ ਹੋਵੇ, ਅਤੇ ਤੁਸੀਂ ਇਹ ਮਹਿਸੂਸ ਕਰ ਸਕਦੇ ਹੋ ਕਿ ਉਹ ਮਦਦ ਕਰਨ ਵਾਲੇ ਨਹੀਂ ਹਨ ਜਾਂ ਇਹ ਕਿ ਉਹ ਤੁਹਾਡੇ 'ਤੇ ਯਕੀਨ ਨਹੀਂ ਕਰ ਰਹੇ।

- **ਆਪਣੀ ਅਪੌਂਇੰਟਮੈਂਟ ਖਤਮ ਹੋਣ ਤੋਂ ਬਾਅਦ** ਤੁਹਾਨੂੰ ਇਸ ਚੀਜ਼ ਬਾਰੇ ਜਿੰਨਾ ਵੀ ਛੇਤੀ ਸੰਭਵ ਹੋ ਸਕੇ ਨੋਟਸ ਲਿਖਣੇ ਚਾਹੀਦੇ ਹਨ ਕਿ ਕੀ ਹੋਇਆ ਹੈ, ਅਤੇ ਕੀ ਕਿਹਾ ਗਿਆ ਹੈ। ਇਸ ਵਿਚ ਕੋਈ ਵੀ ਉਹ ਫਿਕਰ ਸ਼ਾਮਲ ਕਰੋ ਜਿਹੜੇ ਤੁਹਾਨੂੰ ਹਨ। ਜੇ ਅਸੈੱਸਰ ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ ਬਾਰੇ ਆਪਣੀ ਰਿਪੋਰਟ ਲਿਖਣ ਵੇਲੇ ਗਲਤੀਆਂ ਕਰਦਾ ਹੈ ਤਾਂ ਇਹ ਨੋਟਸ ਕੋਰਟ ਲਈ ਤੁਹਾਡੀ ਅਤੇ ਤੁਹਾਡੇ ਵਕੀਲ ਦੀ ਤਿਆਰੀ ਕਰਨ ਵਿਚ ਮਦਦ ਕਰਨ ਵਾਸਤੇ ਮਹੱਤਵਪੂਰਨ ਹੋ ਸਕਦੇ ਹਨ।

- **ਰਿਪੋਰਟ ਲਿਖਣ ਵਾਲੇ ਨੂੰ ਮਿਲਣਾ ਬਹੁਤ ਤਣਾਅ ਪੈਦਾ ਕਰਨ ਵਾਲਾ ਤਜਰਬਾ ਹੋ ਸਕਦਾ ਹੈ।** ਜੇ ਸੰਭਵ ਹੋਵੇ, ਅਸੈੱਸਮੈਂਟ ਤੋਂ ਬਾਅਦ ਕਿਸੇ ਦੋਸਤ, ਕੌਂਸਲਰ ਜਾਂ ਮਦਦ ਕਰਨ ਵਾਲੇ ਹੋਰ ਵਿਅਕਤੀ ਨੂੰ ਮਿਲਣ ਦੀ ਪਲੈਨ ਬਣਾਉ।

## ਜੇ ਸੈਕਸ਼ਨ 211 ਰਿਪੋਰਟ ਵਾਜਬ ਜਾਂ ਸਹੀ ਨਾ ਹੋਵੇ ਤਾਂ ਕੀ ਹੁੰਦਾ ਹੈ?

ਸੈਕਸ਼ਨ 211 ਰਿਪੋਰਟਾਂ ਨੂੰ ਕੋਰਟ ਵਿਚ ਚੁਣੌਤੀ ਦੇਣਾ ਅਕਸਰ ਔਖਾ ਹੁੰਦਾ ਹੈ। ਪਰ ਇਹ ਸੰਭਵ ਹੈ।

ਜੇ ਰਿਪੋਰਟ ਵਿਚ ਗਲਤ ਜਾਣਕਾਰੀ ਹੋਵੇ ਤਾਂ ਤੁਹਾਨੂੰ ਇਸ ਬਾਰੇ ਕੋਰਟ ਨੂੰ ਆਪਣਾ ਖੁਦ ਦਾ ਬਿਆਨ ਦੇਣ ਵੇਲੇ ਦੱਸਣਾ ਚਾਹੀਦਾ ਹੈ ਜਾਂ ਕਿਸੇ ਅਜਿਹੇ ਗਵਾਹ ਨੂੰ ਸੱਦੋ ਜੋ ਇਹ ਕਹਿ ਸਕਦਾ ਹੋਵੇ ਕਿ ਰਿਪੋਰਟ ਵਿਚਲੇ ਤੱਥ ਗਲਤ ਹਨ। ਜੇ ਰਿਪੋਰਟ ਲਿਖਣ ਵਾਲੇ ਨੇ ਕਿਸੇ ਅਜਿਹੀ ਚੀਜ਼ ਬਾਰੇ ਗਲਤ ਸਿੱਟਾ ਕੱਢਿਆ ਹੈ ਜਿਹੜੀ ਤੁਸੀਂ ਉਸ ਨੂੰ ਦੱਸੀ ਹੈ ਤਾਂ ਤੁਹਾਨੂੰ ਜੱਜ ਅੱਗੇ ਇਹ ਵਿਆਖਿਆ ਕਰਨ ਦੀ ਲੋੜ ਹੋ ਸਕਦੀ ਹੈ ਕਿ ਰਿਪੋਰਟ ਲਿਖਣ ਵਾਲਾ ਗਲਤ ਕਿਉਂ ਹੈ। ਉਦਾਹਰਣ ਲਈ, ਜੇ ਤੁਹਾਡਾ ਬੱਚਾ ਤੁਹਾਡੇ ਐਕਸ-ਸਪਾਉਸ ਨਾਲ ਆਪਣੀ ਵਿਜ਼ਟ ਲਈ ਕਾਰ ਵਿੱਚੋਂ ਨਿਕਲਣ ਤੋਂ ਨਾਂਹ ਕਰਦਾ ਹੈ ਅਤੇ ਰਿਪੋਰਟ ਲਿਖਣ ਵਾਲਾ ਇਹ ਕਹਿ ਸਕਦਾ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਕਹਿ ਰਹੇ ਹੋ ਕਿ ਉਹ ਦੂਜੇ ਮਾਪੇ ਨਾਲ ਸਮਾਂ ਨਾ ਬਿਤਾਏ, ਪਰ ਤੁਸੀਂ ਇਹ ਵਰਣਨ ਕਰ ਸਕਦੇ ਹੋ ਕਿ ਬੱਚਾ ਦੂਜੇ ਮਾਪੇ ਤੋਂ ਡਰਦਾ ਹੈ ਅਤੇ ਕਿਉਂ ਡਰਦਾ ਹੈ।

ਜੇ ਸੈਕਸ਼ਨ 211 ਰਿਪੋਰਟ ਦੀਆਂ ਕੋਈ ਸਮੱਸਿਆਵਾਂ ਹਨ, ਸਮੇਤ ਉਨ੍ਹਾਂ ਮਨੋਵਿਗਿਆਨਕ ਟੈੱਸਟਾਂ ਦੇ ਜਿਹੜੇ ਕੀਤੇ ਗਏ ਸਨ ਤਾਂ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਰਿਪੋਰਟ ਲਿਖਣ ਵਾਲੇ ਨੂੰ ਗਵਾਹੀ ਦੇਣ ਅਤੇ ਉਸ ਨੂੰ ਸਵਾਲ ਪੁੱਛਣ ਲਈ ਸੱਦਣ ਦੀ ਲੋੜ ਪੈ ਸਕਦੀ ਹੈ (ਇਸ ਨੂੰ "ਪੁੱਛ-ਗਿੱਛ ਕਰਨਾ" ਕਿਹਾ ਜਾਂਦਾ ਹੈ)। ਜੇ ਤੁਸੀਂ ਕਿਸੇ ਪ੍ਰਾਈਵੇਟ ਅਸੈੱਸਰ ਨਾਲ ਕੰਮ ਕਰ ਰਹੇ ਹੋ ਤਾਂ ਉਸ ਨੂੰ ਕੋਰਟ ਵਿਚ ਸੱਦਣ ਲਈ ਤੁਹਾਨੂੰ ਹੋਰ ਪੈਸੇ ਦੇਣੇ ਪੈਣਗੇ। ਤੁਹਾਡੇ ਟੈੱਸਟ ਦੇ ਨਤੀਜਿਆਂ ਦਾ ਰਿਵੀਊ ਕਰਨ ਲਈ ਅਤੇ ਤੁਹਾਡੇ ਵਕੀਲ ਦੀ ਤਿਆਰੀ ਕਰਨ ਵਿਚ ਮਦਦ ਕਰਨ ਲਈ ਤੁਹਾਨੂੰ ਕਿਸੇ ਹੋਰ ਪ੍ਰਾਈਵੇਟ ਅਸੈੱਸਰ ਨੂੰ ਪੈਸੇ ਦੇਣ ਦੀ ਵੀ ਲੋੜ ਪੈ ਸਕਦੀ ਹੈ।

ਜੇ ਤੁਸੀਂ ਆਪਣੀ ਨੁਮਾਇੰਦਗੀ ਆਪ ਕਰ ਰਹੇ ਹੋਵੋ ਤਾਂ ਭਾਵੇਂ ਤੁਹਾਨੂੰ ਅਸੈੱਸਰ ਤੋਂ ਪੁੱਛ-ਗਿੱਛ ਕਰਨ ਦੀ ਆਗਿਆ ਹੈ, ਪਰ ਤੁਹਾਨੂੰ ਇਸ ਗੱਲ ਤੋਂ ਜਾਣੂ ਹੋਣਾ ਚਾਹੀਦਾ ਹੈ ਕਿ ਇਹ ਕਰਨਾ ਬਹੁਤ ਔਖਾ ਹੈ ਅਤੇ ਜੇ ਸੰਭਵ ਹੋਵੇ ਤਾਂ ਤੁਹਾਨੂੰ ਕਿਸੇ ਵਕੀਲ ਤੋਂ ਮਦਦ ਲੈਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਭਾਵੇਂ ਇਹ ਮਦਦ ਮੁਕੱਦਮੇ ਦੇ ਸਿਰਫ ਇਸ ਹਿੱਸੇ ਲਈ ਹੀ ਹੋਵੇ।

ਤੁਸੀਂ ਪ੍ਰਾਈਵੇਟ ਅਸੈੱਸਰਾਂ ਬਾਰੇ ਸ਼ਿਕਾਇਤ ਉਨ੍ਹਾਂ ਨੂੰ ਨਿਯਮਬੱਧ ਕਰਨ ਵਾਲੀਆਂ ਸੰਸਥਾਵਾਂ ਕੋਲ ਕਰ ਸਕਦੇ ਹੋ ਜੇ ਤੁਸੀਂ ਇਹ ਸੋਚਦੇ ਹੋਵੋ ਕਿ ਉਨ੍ਹਾਂ ਨੇ ਗੈਰ-ਪੇਸ਼ੇਵਰਾਨਾ ਕੰਮ ਕੀਤਾ ਹੈ। ਨਿਯਮਬੱਧ ਕਰਨ ਵਾਲੀਆਂ ਸੰਸਥਾਵਾਂ, ਬੀ ਸੀ ਕੌਲਜ ਔਫ ਸੋਸ਼ਲ ਵਰਕਰਜ਼, ਬੀ ਸੀ ਐਸੋਸੀਏਸ਼ਨ ਔਫ ਕਲਿਨੀਕਲ ਕੌਂਸਲਰਜ਼, ਅਤੇ ਕੌਲਜ ਔਫ ਸਾਇਕੌਲੋਜਿਸਟਸ ਔਫ ਬੀ ਸੀ ਹਨ – ਤੁਹਾਡੀ ਰਿਪੋਰਟ ਲਿਖਣ ਵਾਲੇ ਦੀ ਪੇਸ਼ਾਵਰ ਸੰਸਥਾ ਉਸ ਦੀ ਰਿਪੋਰਟ ਉਪਰ ਲਿਖੀ ਹੋਵੇਗੀ। ਇਨ੍ਹਾਂ ਸ਼ਿਕਾਇਤਾਂ ਦਾ ਤੁਹਾਡੇ ਕੋਰਟ ਦੇ ਕੇਸ ਉੱਪਰ ਅਸਰ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ ਪਰ ਇਹ ਭਵਿੱਖ ਵਿਚ ਤੁਹਾਡੇ ਪਰਿਵਾਰਕ ਮਸਲੇ ਲਈ ਢੁਕਵੀਂ ਹੋ ਸਕਦੀ ਹੈ ਅਤੇ ਇਹ ਸ਼ਿਕਾਇਤਾਂ ਪਬਲਿਕ ਦੀ ਰੱਖਿਆ ਕਰਨ ਵਿਚ ਇਕ ਰੋਲ ਨਿਭਾਉਂਦੀਆਂ ਹਨ।

ਜੇ ਤੁਸੀਂ ਇਹ ਮਹਿਸੂਸ ਕਰਦੇ ਹੋਵੋ ਕਿ ਰਿਪੋਰਟ ਲਿਖਣ ਵਾਲੇ ਨੇ ਆਪਣੀ ਸੈਕਸ਼ਨ 211 ਰਿਪੋਰਟ ਵਿਚ ਤੁਹਾਡੇ ਨਾਲ ਵਿਤਕਰਾ ਕੀਤਾ ਹੈ (ਉਦਾਹਰਣ ਲਈ ਜੇ ਤੁਹਾਡੇ ਲਿੰਗ ਜਾਂ ਨਸਲ ਕਰਕੇ ਤੁਹਾਡੇ ਨਾਲ ਮਾੜਾ ਵਰਤਾਉ ਕੀਤਾ ਹੋਵੇ) ਤਾਂ ਤੁਸੀਂ ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ ਕੋਲ ਸ਼ਿਕਾਇਤ ਕਰਨ ਬਾਰੇ ਵੀ ਵਿਚਾਰ ਕਰ ਸਕਦੇ ਹੋ। ਤੁਹਾਡੇ ਲਈ ਵਿਤਕਰੇ ਤੋਂ ਬਾਅਦ ਇਕ ਸਾਲ ਦੇ ਵਿਚ ਵਿਚ ਸ਼ਿਕਾਇਤ ਕਰਨਾ ਜ਼ਰੂਰੀ ਹੈ।

ਜੇ ਤੁਸੀਂ ਆਪਣੀ ਨੁਮਾਇੰਦਗੀ ਆਪ ਕਰ ਰਹੇ ਹੋਵੋ ਤਾਂ ਭਾਵੇਂ ਤੁਹਾਨੂੰ ਅਸੈੱਸਰ ਤੋਂ ਪੁੱਛ-ਗਿੱਛ ਕਰਨ ਦੀ ਆਗਿਆ ਹੈ, ਪਰ ਤੁਹਾਨੂੰ ਇਸ ਗੱਲ ਤੋਂ ਜਾਣੂ ਹੋਣਾ ਚਾਹੀਦਾ ਹੈ ਕਿ ਇਹ ਕਰਨਾ ਬਹੁਤ ਔਖਾ ਹੈ ਅਤੇ ਜੇ ਸੰਭਵ ਹੋਵੇ ਤਾਂ ਤੁਹਾਨੂੰ ਕਿਸੇ ਵਕੀਲ ਤੋਂ ਮਦਦ ਲੈਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਭਾਵੇਂ ਇਹ ਮਦਦ ਮੁਕੱਦਮੇ ਦੇ ਸਿਰਫ ਇਸ ਹਿੱਸੇ ਲਈ ਹੀ ਹੋਵੇ।

## ਤੁਸੀਂ ਇਸ ਵੇਲੇ ਜਿੱਥੇ ਹੋ ਇਸ ਹਾਲਤ ਵਿਚ ਦੀ ਸੈਂਕੜੇ ਔਰਤਾਂ ਲੰਘੀਆਂ ਹਨ, ਅਤੇ ਬਹੁਤ ਸਾਰੇ ਲੋਕ ਹਨ ਜਿਹੜੇ ਚੁਣੌਤੀਆਂ ਵਾਲੇ ਇਸ ਸਮੇਂ ਦੌਰਾਨ ਤੁਹਾਡੀ ਮਦਦ ਕਰ ਸਕਦੇ ਹਨ।

### ਅੱਗੇ ਵਧਣਾ

ਸੈਕਸ਼ਨ 211 ਰਿਪੋਰਟ ਲੈਣ ਬਾਰੇ ਤੁਹਾਡੀ ਚੋਣ ਹੋ ਸਕਦੀ ਹੈ ਜਾਂ ਨਹੀਂ ਹੋ ਸਕਦੀ ਹੈ, ਜਾਂ ਤੁਹਾਡੇ ਕੋਲ ਅਜਿਹੀ ਰਿਪੋਰਟ ਹੋ ਸਕਦੀ ਹੈ ਜਿਹੜੀ ਨਾਵਾਜਬ ਜਾਂ ਬੇਰਹਿਮ ਹੈ, ਪਰ ਇਹ ਗੱਲ ਯਾਦ ਰੱਖੋ ਕਿ ਤੁਸੀਂ ਇਕ ਰਿਪੋਰਟ ਨਾਲੋਂ ਕਿਤੇ ਜ਼ਿਆਦਾ ਕੁਝ ਹੋ।

ਅਸੀਂ ਤੁਹਾਨੂੰ ਆਪਣੇ ਇਲਾਕੇ ਵਿਚ ਮਦਦ ਲੱਭਣ ਲਈ ਉਤਸ਼ਾਹ ਦਿੰਦੇ ਹਾਂ। ਸਿੰਗਲ ਮਾਪਿਆਂ ਦੇ ਗਰੁੱਪ ਲੱਭੋ, ਹੋਰ ਮਾਪਿਆਂ ਨਾਲ ਔਨਲਾਈਨ ਜੁੜੋ, ਜਾਂ ਆਪਣੇ ਇਲਾਕੇ ਵਿਚ ਮਦਦ ਬਾਰੇ ਜਾਣਨ ਲਈ ਔਰਤਾਂ ਦੇ ਆਪਣੇ ਲੋਕਲ ਸੈਂਟਰ ਜਾਂ ਟ੍ਰਾਂਜ਼ੀਸ਼ਨ ਹਾਊਸ ਨਾਲ ਜੁੜੋ। ਘਰ ਦੇ ਨੇੜੇ ਸੇਵਾਵਾਂ ਨਾਲ ਜੁੜਨ ਲਈ ਬੀ ਸੀ ਵਿਚ ਕਿਸੇ ਵੀ ਫੋਨ ਤੋਂ "211" 'ਤੇ ਡਾਇਲ ਕਰਕੇ ਬੀ ਸੀ 211 ਨੂੰ ਫੋਨ ਕਰੋ। ਫੈਮਿਲੀ ਕੋਰਟ ਦੀ ਕਾਰਵਾਈ ਬਹੁਤ ਇਕੱਲਤਾ ਵਾਲੀ ਹੋ ਸਕਦੀ ਹੈ, ਅਤੇ ਤੁਸੀਂ ਇਹ ਮਹਿਸੂਸ ਕਰ ਸਕਦੇ ਹੋ ਕਿ ਕੋਈ ਵੀ ਇਸ ਚੀਜ਼ ਨੂੰ ਸਮਝ ਨਹੀਂ ਰਿਹਾ ਜਿਸ ਵਿਚ ਦੀ ਤੁਸੀਂ ਲੰਘ ਰਹੇ ਹੋ, ਪਰ ਤੁਸੀਂ ਇਸ ਵੇਲੇ ਜਿੱਥੇ ਹੋ ਇਸ ਹਾਲਤ ਵਿਚ ਦੀ ਸੈਂਕੜੇ ਔਰਤਾਂ ਲੰਘੀਆਂ ਹਨ, ਅਤੇ ਬਹੁਤ ਸਾਰੇ ਲੋਕ ਹਨ ਜਿਹੜੇ ਚੁਣੌਤੀਆਂ ਵਾਲੇ ਇਸ ਸਮੇਂ ਦੌਰਾਨ ਤੁਹਾਡੀ ਮਦਦ ਕਰ ਸਕਦੇ ਹਨ।

Rise
WOMEN'S LEGAL CENTRE

ਸਾਡਾ ਦਫਤਰ **Skwxwu7mesh** (Squamish), **Tsleil-Waututh** (Burrard), ਅਤੇ **xʷməθkʷəy̓əm** (Musqueam) Nations ਦੇ ਰੀਜ਼ਰਵ ਇਲਾਕੇ ਉੱਪਰ ਸਥਿਤ ਹੈ।

516 Richards St, Vancouver, BC V6B 3A2
236-317-9000 | intake@womenslegalcentre.ca
**womenslegalcentre.ca**

ਇਹ ਗਾਈਡ ਵਿਮਨ ਐਂਡ ਜੈਂਡਰ ਇਕੁਆਲਟੀ ਕੈਨੇਡਾ ਤੋਂ ਖੁੱਲ੍ਹੇ ਦਿਲ ਨਾਲ ਮਿਲੇ ਫੰਡਾਂ ਨਾਲ ਸੰਭਵ ਹੋਈ।

Canada

ਲੇਖਕ ਹੈਲੀ ਹੈਰੀਮੈਕ ਅਤੇ ਕਿਮ ਹਾਕਿਨਜ਼ | December 2020 [Punjabi]

ਰਾਈਜ਼ ਸਟਾਫ ਅਤੇ ਵਾਲੰਟੀਅਰਾਂ ਦਾ ਧੰਨਵਾਦ, ਅਤੇ ਉਨ੍ਹਾਂ ਸਾਰਿਆਂ ਦਾ ਵੀ ਜਿਨ੍ਹਾਂ ਨੇ ਆਪਣੇ ਅਨੁਭਵ ਅਤੇ ਹੁਨਰ ਸਾਂਝੇ ਕੀਤੇ।
ਅਨੁਵਾਦ ਮੋਜ਼ੈਕ ਨੇ ਕੀਤਾ। ਗ੍ਰਾਫਿਕ ਡਿਜ਼ਾਇਨ ਨੈਦੀਨ ਰੈਹਨਬੀ ਵਲੋਂ।
ਫੋਟੋਆਂ ਆਦਿਵਾਸੀ ਫੋਟੋਗ੍ਰਾਫਰ ਮੇਲੋਡੀ ਚਾਰਲੀ ਵਲੋਂ ਜੋ Ahousat ਵਿਚ ਪੈਦਾ ਅਤੇ ਵੱਡੀ ਹੋਈ ਅਤੇ ਮਾਣ ਨਾਲ Nuu-chah-nulth ਨੂੰ ਆਪਣਾ ਘਰ ਕਹਿੰਦੀ ਹੈ। melodycharlie.com

ਇਸ ਲਿਖਤ ਵਿਚ ਕੋਈ ਕਾਨੂੰਨੀ ਸਲਾਹ ਨਹੀਂ ਹੈ। ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਪਿਆਰੇ ਨੂੰ ਕਾਨੂੰਨੀ ਸਲਾਹ ਦੀ ਲੋੜ ਹੈ ਤਾਂ ਕਿਰਪਾ ਕਰਕੇ ਕਿਸੇ ਵਕੀਲ ਨਾਲ ਗੱਲ ਕਰੋ।